ਪ੍ਰੀਮੀਅਰ ਦਾ ਬਿਆਨ

# ਨਵਾਂ ਸਾਲ ਦਿਵਸ: ਪ੍ਰੀਮੀਅਰ ਸਮਿੱਥ ਵੱਲੋਂ ਬਿਆਨ

1 ਜਨਵਰੀ 2024

---

“ਪ੍ਰੀਮੀਅਰ ਡੈਨੀਐਲ ਸਮਿੱਥ ਨੇ ਨਵਾਂ ਸਾਲ ਦਿਵਸ ‘ਤੇ ਇਹ ਬਿਆਨ ਜਾਰੀ ਕੀਤਾ:

“ਜਦੋਂ ਮੈਂ ਪਿਛਲੇ ਸਾਲ ਦੀ ਤਰੱਕੀ ਉੱਪਰ ਨਜ਼ਰ ਮਾਰਦੀ ਹਾਂ, ਤਾਂ ਜੋ ਕੁਝ ਸਾਡੇ ਸੂਬੇ ਨੇ ਪੂਰਾ ਕਰ ਲਿਆ ਹੈ, ਉਸ ਬਾਰੇ ਮਾਣ ਨਾਲ ਭਰ ਗਈ ਹਾਂ।

“ਸਾਡੀ ਸਰਕਾਰ ਨੇ ਐਲਬਰਟਾ ਨੂੰ ਹਰ ਇਕ ਵਾਸਤੇ ਇਕ ਚੰਗੇਰੀ ਜਗਾਹ ਬਣਾਉਣ ਲਈ ਪ੍ਰਮੁੱਖ ਵਚਨਬਧਤਾਵਾਂ ਨੂੰ ਪੂਰਿਆਂ ਕਰਨ ਵੱਲ ਨੂੰ ਕੰਮ ਕਰਨਾਂ ਸ਼ੁਰੂ ਕਰ ਚੁੱਕੀ ਹੈ। ਅਸੀਂ ਤਕੜੀ ਆਰਥਿਕ ਤਰੱਕੀ ਵੇਖਣਾ ਜਾਰੀ ਰੱਖ ਰਹੇ ਹਾਂ, ਜਦੋਂ ਕਿ ਵਾਧੂ ਫੈਡਰਲ ਦਖਲ ਦੇ ਸਨਮੁੱਖ ਅਸੀਂ ਆਪਣੇ ਸੂਬੇ ਦੀ ਖੁਦਮੁਖਤਿਆਰੀ ਵਾਸਤੇ ਖੜ੍ਹੇ ਹੋਏ ਹਾਂ, ਅਤੇ ਅਸੀਂ ਦੁਨੀਆਂ ਨੂੰ ਦਿਖਾ ਰਹੇ ਹਾਂ ਕਿ ਐਲਬਰਟਾ ਅਜੇ ਵੀ ਬੁਲਾ ਰਿਹਾ ਹੈ।

“2024 ਸਾਡੇ ਸੂਬੇ ਲਈ ਨਵੇਂ ਮੌਕੇ ਲਿਆਵੇਗਾ ਅਤੇ ਅਸੀਂ ਇਹ ਯਕੀਨੀ ਬਣਾਉਣ ਲਈ ਤਿਆਰ ਹਾਂ ਅਤੇ ਚਾਹੁੰਦੇ ਹਾਂ ਕਿ ਅਸੀਂ ਉਨ੍ਹਾਂ ਨਵੇਂ ਮੌਕਿਆਂ ਨੂੰ ਕਾਬੂ ਕਰ ਸਕੀਏ ਅਤੇ ਆਪਣੇ ਸੂਬੇ ਨੂੰ ਰਹਿਣ, ਕੰਮ ਕਰਨ ਅਤੇ ਪਰਿਵਾਰ ਪਾਲਣ ਲਈ ਕੈਨੇਡਾ ਵਿਚ ਇਕ ਉੱਤਮ ਸੂਬੇ ਵਜੋਂ ਬਣਿਆਂ ਰੱਖ ਸਕੀਏ।

“ਜਦੋਂ ਅਸੀਂ ਅਗਾਂਹ ਨਵੇਂ ਸਾਲ ਵੱਲ ਵੇਖਦੇ ਹਾਂ, ਆਉ ਆਪਾਂ ਅਜਿਹਾ ਇਕ ਉਮੀਦ, ਆਸ਼ਾਵਾਦ ਅਤੇ ਉਸੇ ਹੀ ਕਰ ਸਕਣ ਵਾਲੇ ਰਵੱਈਏ ਨਾਲ ਵੇਖੀਏ, ਜਿਸਨੇ ਬੀਤੇ 118 ਸਾਲਾਂ ਤੋਂ ਇਸ ਸੂਬੇ ਲਈ ਕੰਮ ਕੀਤਾ ਹੈ।

“ਮੈਂ ਤੁਹਾਡੇ ਸਾਰਿਆਂ ਲਈ ਇਕ ਸੁਰੱਖਿਅਤ, ਖੁਸ਼ੀਆਂ ਭਰੇ ਅਤੇ ਆਸ਼ਾ-ਪੂਰਤੀਆਂ ਵਾਲੇ 2024 ਦੇ ਸਾਲ ਦੀ ਕਾਮਨਾਂ ਕਰਦੀ ਹਾਂ!”

**ਮੀਡੀਆ ਇਨਕੁਆਰੀਆਂ**

Sam Blackett
Sam.Blackett@gov.ab.ca
587-589-6048
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ